Punjabi

# ਇਹ ਯਕੀਨੀ ਬਣਾਉਣਾ ਕਿ ਪੁਲਿਸ ਸਰਵਿਸ ਲੰਡਨ ਦੀਆਂ ਲੋੜਾਂ ਪੂਰੀਆਂ ਕਰੇ

## ਐਮ ਪੀ ਏ ਕੀ ਹੈ?

ਮੈਟ੍ਰੋਪੋਲੀਟਨ ਪੁਲਿਸ ਅਥਾਰਿਟੀ (ਐਮ ਪੀ ਏ) ਦੀ ਸਥਾਪਨਾ ਇਹ ਯਕੀਨੀ ਬਣਾਉਣ ਲਈ ਕੀਤੀ ਗਈ ਹੈ ਕਿ ਲੰਡਨ ਦੀ ਪੁਲਿਸ ਰਾਜਧਾਨੀ ਵਿਚ ਜਿਹੜੀਆਂ ਸੇਵਾਵਾਂ ਲੋਕਾਂ ਨੂੰ ਦਿੰਦੀ ਹੈ, ਉਹਨਾਂ ਲਈ ਉਹ ਜਵਾਬਦੇਹ ਹੋਵੇ।

ਇਸ ਅਥਾਰਿਟੀ ਦੇ ਇਹ ਕੰਮ ਹਨ:

- ਲੰਡਨ ਵਿਚ ਪੁਲਿਸ ਦੇ ਕੰਮ ਕਰਨ ਦੇ ਢੰਗਾਂ ਵਿਚ ਲਗਾਤਾਰ ਸੁਧਾਰ ਕਰਵਾਉਣਾ
- ਲੰਡਨ ਦੀ ਪੁਲਿਸ ਵਿਚ ਆਮ ਲੋਕਾਂ ਦੇ ਯਕੀਨ ਅਤੇ ਭਰੋਸੇ ਵਿਚ ਵਾਧਾ ਕਰਨਾ
- ਲੰਡਨ ਦੇ ਲੋਕਾਂ ਨਾਲ ਸਲਾਹ ਮਸ਼ਵਰਾ ਕਰਕੇ ਪੁੱਛਣਾ ਕਿ ਉਹ ਪੁਲਿਸ ਕੋਲੋਂ ਕੀ ਆਸ ਰੱਖਦੇ ਹਨ
- ਪੁਲਿਸ ਦੇ ਬੱਜਟ ਦੇ ਪ੍ਰਬੰਧ ਦੀ ਨਿਗਰਾਨੀ ਕਰਨਾ
- ਪੁਲਿਸ ਦੇ ਕੰਮਾਂ ਦੀ ਸਾਲਾਨਾ ਯੋਜਨਾ ਬਣਾਉਣਾ ਜਿਸ ਵਿਚ ਕੰਮਾਂ ਦੇ ਨਿਸ਼ਾਨੇ ਮਿੱਥੇ ਹੁੰਦੇ ਹਨ

ਐਮ ਪੀ ਏ ਤੋਂ ਲੰਡਨ ਦੇ ਲੋਕਾਂ ਨੂੰ ਸੱਚਮੁਚ ਬਹੁਤ ਫ਼ਾਇਦੇ ਹੋਏ ਹਨ। ਰਾਜਧਾਨੀ ਵਿਚ 630 ਸੇਫ਼ਰ ਨੇਬਰਹੁਡਜ਼ ਟੀਮਾਂ (ਆਂਢ ਗੁਆਂਢ ਨੂੰ ਸੁਰੱਖਿਅਤ ਬਣਾਉਣ ਲਈ ਟੀਮਾਂ) ਸ਼ੁਰੂ ਕਰਨ ਲਈ ਅਥਾਰਿਟੀ ਦੀ ਮਦਦ ਬਹੁਤ ਕੰਮ ਆਈ। ਹਰ ਟੀਮ ਵਿਚ ਪੁਲਿਸ ਅਫ਼ਸਰ ਅਤੇ ਪੁਲਿਸ ਕਮਿਊਨਿਟੀ ਸੁਪੋਰਟ ਅਫ਼ਸਰ ਸ਼ਾਮਿਲ ਹੁੰਦੇ ਹਨ, ਅਤੇ ਇਹਦਾ ਇੱਕੋ ਇਕ ਕੰਮ ਆਮ ਲੋਕਾਂ ਦੇ ਸਹਿਯੋਗ ਨਾਲ ਕੰਮ ਕਰ ਕੇ ਸਮਾਜ-ਵਿਰੋਧੀ ਵਤੀਰੇ, ਜੁਰਮ ਅਤੇ ਜੁਰਮ ਦੇ ਡਰ ਨੂੰ ਘਟਾਉਣਾ ਹੈ।

ਪੁਲਿਸ ਦੇ £3 ਬਿਲੀਅਨ (30 ਕਰੋੜ ਪੌਂਡਾਂ) ਦੇ ਸਾਲਾਨਾ ਬੱਜਟ ਦੀ ਯੋਜਨਾ ਬਣਾਉਣਾ ਅਤੇ ਪ੍ਰਬੰਧ ਚਲਾਉਣਾ ਅਥਾਰਿਟੀ ਦੀਆਂ ਮੁੱਖ ਜ਼ਿੰਮੇਦਾਰੀਆਂ ਵਿਚੋਂ ਇਕ ਹੈ। ਬੱਜਟ ਦਾ ਲੱਗਭਗ 78% ਹਿੱਸਾ ਕੇਂਦਰੀ ਸਰਕਾਰ ਤੋਂ ਆਉਂਦਾ ਹੈ, ਅਤੇ ਬਾਕੀ ਦਾ ਲੰਡਨ ਦੇ ਮੇਅਰ ਵਲੋਂ ਇਕੱਠੇ ਕੀਤੇ ਗਏ ਕਾਉਂਸਿਲ ਟੈਕਸ ਤੋਂ।

ਅਥਾਰਿਟੀ ਪੁਲਿਸ ਸਰਵਿਸ ਵਿਚ ਬਰਾਬਰੀ ਅਤੇ ਵਖਰੇਵਿਆਂ ਨੂੰ ਬੜ੍ਹਾਵਾ ਦਿੰਦੀ ਹੈ ਅਤੇ ਹੋਰ ਸਾਂਝੀਦਾਰਾਂ ਦੇ ਸਹਿਯੋਗ ਨਾਲ ਇਹ ਯਕੀਨੀ ਬਣਾਉਣ ਲਈ ਯਤਨਸ਼ੀਲ ਹੈ ਕਿ ਰਾਜਧਾਨੀ ਵਿਚ ਰਹਿਣ ਅਤੇ ਕੰਮ ਕਰਨ ਵਾਲੇ ਸਭਨਾਂ ਲੋਕਾਂ ਨਾਲ ਬਰਾਬਰੀ ਅਤੇ ਇੱਜ਼ਤ ਮਾਣ ਵਾਲਾ ਸਲੂਕ ਹੋਵੇ।

## ਐਮ ਪੀ ਏ ਕਿਵੇਂ ਕੰਮ ਕਰਦੀ ਹੈ

ਐਮ ਪੀ ਏ ਦੇ 23 ਮੈਂਬਰ ਹਨ ਜਿਹਨਾਂ ਵਿਚੋਂ 12 ਲੰਡਨ ਅਸੈਂਬਲੀ ਦੇ ਚੁਣੇ ਹੋਏ ਮੈਂਬਰ ਹਨ, 4 ਮੈਜਿਸਟ੍ਰੇਟ ਹਨ ਅਤੇ 7 ਸੁਤੰਤਰ ਮੈਂਬਰ ਹਨ, ਅਤੇ ਇਹ ਸਭ ਮੈਂਬਰ ਚਾਰ ਸਾਲਾਂ ਲਈ ਚੁਣੇ ਜਾਂਦੇ ਹਨ।

ਹਰ ਮੈਂਬਰ ਲੰਡਨ ਦਾ ਲਨਡਨ ਦੇ ਬੋਰੋ ਨਾਲ ਨੇੜੇ ਦਾ ਸੰਬੰਧ ਹੁੰਦਾ ਹੈ, ਅਤੇ ਉਹਦੀ ਜ਼ਿੰਮੇਦਾਰੀ ਉਸ ਇਲਾਕੇ ਦੀ ਪੁਲਿਸ ਨਾਲ ਅਤੇ ਜੁਰਮ ਘਟਾਉਣ ਦੇ ਕੰਮ ਵਿਚ ਲੱਗੇ ਹੋਏ ਹੋਰ ਲੋਕਾਂ ਨਾਲ ਮਿਲ ਕੇ ਕੰਮ ਕਰਨਾ ਹੈ। ਅਥਾਰਿਟੀ ਦਾ ਯਕੀਨ ਹੈ ਕਿ ਸਾਂਝੀਦਾਰੀ ਨਾਲ ਕੰਮ ਕਰਨਾ ਲੰਡਨ ਨੂੰ ਸਭ ਤੋਂ ਵੱਧ ਸੁਰੱਖਿਅਤ ਬਣਾਉਣ ਦੇ ਸਾਡੇ ਨਿਸ਼ਾਨੇ ਨੂੰ ਪੂਰਾ ਕਰਨ ਦਾ ਸਭ ਤੋਂ ਵੱਧ ਅਸਰਦਾਈ ਢੰਗ ਹੈ।

ਮੈਂਬਰ ਕਮੇਟੀ ਵਿਚ ਬਾਕਾਇਦਾ ਇਕੱਠੇ ਹੋ ਕੇ ਪੁਲਿਸ ਦੀ ਪਾਲਿਸੀ ਬਾਰੇ ਵਿਚਾਰ ਕਰਦੇ ਹਨ ਅਤੇ ਇਹਦੇ ਕੰਮਾਂ ਦਾ ਲੇਖਾਜੋਖਾ ਕਰਦੇ ਹਨ। ਉਹ ਅਜਿਹੀਆਂ ਸਿਫ਼ਾਰਿਸ਼ਾਂ ਪੇਸ਼ ਕਰਦੇ ਹਨ ਜਿਹਨਾਂ ਨਾਲ ਕੰਮਾਂ ਵਿਚ ਸੁਧਾਰ ਹੋਵੇ ਅਤੇ ਲੰਡਨ ਦੇ ਲੋਕਾਂ ਦੀਆਂ ਲੋੜਾਂ ਪੂਰੀਆਂ ਹੋਣ।

## ਲੰਡਨ ਦੇ ਲੋਕਾਂ ਦੀ ਗੱਲ ਧਿਆਨ ਨਾਲ ਸੁਣਨਾ

ਐਮ ਪੀ ਏ ਦੇ ਕੰਮ ਦਾ ਇਕ ਅਤੀ ਜ਼ਰੂਰੀ ਅੰਗ ਪੁਲਿਸ ਬਾਰੇ, ਉਹਦੇ ਕੰਮਾਂ ਬਾਰੇ ਅਤੇ ਇਹਨਾਂ ਕੰਮਾਂ ਨੂੰ ਸੁਧਾਰਨ ਦੇ ਢੰਗਾਂ ਬਾਰੇ ਲੰਡਨ ਦੇ ਲੋਕਾਂ ਨਾਲ ਸਲਾਹ ਮਸ਼ਵਰਾ ਕਰਨਾ ਹੈ।

ਇਸ ਸਲਾਹ ਮਸ਼ਵਰੇ ਤੋਂ ਐਮ ਪੀ ਏ ਨੂੰ ਇਹ ਜਾਨਣ ਦਾ ਮੌਕਾ ਮਿਲਦਾ ਹੈ ਕਿ ਅਗਲੇ ਸਾਲ ਕਿਹੜੇ ਕੰਮਾਂ ਨੂੰ ਪਹਿਲ ਦੇਣੀ ਚਾਹੀਦੀ ਹੈ।

ਸਲਾਹ ਮਸ਼ਵਰਾ ਕਰਨ ਦੇ ਢੰਗਾਂ ਵਿਚ ਇਹ ਢੰਗ ਸ਼ਾਮਿਲ ਹਨ:

- **ਸੇਫ਼ਰ ਲੰਡਨ ਪੈਨਲ**
  ਅਥਾਰਿਟੀ ਦੇ ਨਾਗਿਰਿਕਾਂ ਦੇ ਆਪਣੇ ਪੈਨਲ ਵਿਚ 3,000 ਲੋਕ ਹਨ, ਜੋ ਇਸ ਢੰਗ ਨਾਲ ਚੁਣੇ ਜਾਂਦੇ ਹਨ ਕਿ ਇਹ ਲੋਕ ਪੂਰੇ ਲੰਡਨ ਦੇ ਲੋਕਾਂ ਦੀ ਨੁਮਾਇੰਦਗੀ ਕਰਨ। ਲੰਡਨ ਵਿਚ ਪੁਲਿਸ ਦੇ ਕੰਮ ਨਾਲ ਸੰਬੰਧਤ ਖ਼ਾਸ ਪਹਿਲੂਆਂ ਬਾਰੇ ਉਹਨਾਂ ਦੇ ਵਿਚਾਰ ਪੁੱਛੇ ਜਾਂਦੇ ਹਨ।
- **ਹਰ ਬੋਰੋ ਦੀ ਕਮਿਉਨਿਟੀ ਦੇ ਲੋਕਾਂ ਨੂੰ ਸ਼ਾਮਿਲ ਕਰਨਾ**
  ਐਮ ਪੀ ਏ ਇਹ ਯਕੀਨੀ ਬਣਾਉਣ ਲਈ ਵਚਨ-ਬੱਧ ਹੈ ਕਿ ਲੰਡਨ ਦੇ ਹਰ ਬੋਰੋ ਦੇ ਲੋਕਾਂ ਕੋਲ ਆਪਣੇ ਇਲਾਕੇ ਦੀ ਪੁਲਿਸ ਨਾਲ ਵਿਚਾਰ ਸਾਂਝੇ ਕਰਨ ਦੇ ਢੰਗ ਹੋਣ।

ਇਹਦੇ ਲਈ ਆਮ ਤੌਰ 'ਤੇ ਕਮਿਉਨਿਟੀ ਪੁਲਿਸ ਕਨਸਲਟੇਟਿਵ ਗਰੁਪ ਬਣਾਇਆ ਜਾਂਦਾ ਹੈ, ਪਰ ਕਈ ਇਲਾਕਿਆਂ ਵਿਚ ਵੱਖਰੇ ਢੰਗ ਵੀ ਬਣਾਏ ਜਾ ਰਹੇ ਹਨ।

ਐਮ ਪੀ ਏ ਬਹੁਤ ਸਾਰੀਆਂ ਇਕੱਤਰਤਾਵਾਂ ਵਿਚ ਹਿੱਸਾ ਲੈਂਦੀ ਹੈ ਅਤੇ ਪੂਰੀ ਰਾਜਧਾਨੀ ਵਿਚ ਲੋਕਾਂ ਨੂੰ ਆਪਣੇ ਕੰਮਾਂ ਵਿਚ ਸ਼ਾਮਿਲ ਕਰਨ ਦੇ ਪ੍ਰੋਗਰਾਮ ਬਣਾਉਂਦੀ ਹੈ। ਇਹਨਾਂ ਇਕੱਤਰਤਾਵਾਂ ਬਾਰੇ ਜਾਣਕਾਰੀ ਸਾਡੀ ਵੈੱਬਸਾਈਟ 'ਤੇ ਪ੍ਰਕਾਸ਼ਿਤ ਕੀਤੀ ਜਾਂਦੀ ਹੈ।

## ਐਮ ਪੀ ਏ ਦੀਆਂ ਪਬਲਿਕ ਮੀਟਿੰਗਾਂ

ਐਮ ਪੀ ਏ ਕਮੇਟੀ ਦੀਆਂ ਮੀਟਿੰਗਾਂ ਵਿਚ ਆਮ ਲੋਕ ਆ ਸਕਦੇ ਹਨ ਅਤੇ ਆਉਣ ਵਾਲੇ ਸਭ ਲੋਕਾਂ ਦਾ ਸਵਾਗਤ ਹੈ। ਇਹਨਾਂ ਮੀਟਿੰਗਾਂ ਦੀਆਂ ਤਾਰੀਖ਼ਾਂ, ਸਮੇਂ ਅਤੇ ਰਿਪੋਰਟਾਂ ਐਪ ਪੀ ਏ ਦੀ ਵੈੱਬਸਾਈਟ 'ਤੇ ਪ੍ਰਕਾਸ਼ਿਤ ਹੁੰਦੀਆਂ ਹਨ ਅਤੇ ਪਬਲਿਕ ਲਾਇਬ੍ਰੇਰੀਆਂ ਵਿਚ ਵੀ ਮਿਲ ਸਕਦੀਆਂ ਹਨ।

ਪਬਲਿਕ ਮੀਟਿੰਗਾਂ ਵਾਲੇ ਕਮਰੇ ਵਿਚ ਵ੍ਹੀਲਚੇਅਰ ਜਾ ਸਕਦੀ ਹੈ ਅਤੇ ਲੂਪ ਸਿਸਟਮ ਵੀ ਲੱਗਿਆ ਹੋਇਆ ਹੈ। ਖ਼ਾਸ ਸਹੂਲਤਾਂ, ਜਿਵੇਂ ਬ੍ਰਿਟਿਸ਼ ਸਾਈਨ ਲੈਂਗੁਏਜ ਦੇ ਇੰਟਰਪ੍ਰੈਟਰ ਅਤੇ ਪੈਲੈਨਟਾਈਪਿਸਟ ਵੀ ਮਿਲ ਸਕਦੀਆਂ ਹਨ, ਜੇ ਇਹਨਾਂ ਦਾ ਪ੍ਰਬੰਧ ਪਹਿਲਾਂ ਕਰ ਲਿਆ ਜਾਏ।

ਮੈਟ੍ਰੋਪੋਲੀਟਨ ਪੁਲਿਸ ਅਥਾਰਿਟੀ

- ਲੰਡਨ ਨੂੰ ਸੱਚਮੁਚ ਦੇ ਫ਼ਾਇਦੇ ਦੇਣਾ
- ਪੁਲਿਸ ਨੂੰ ਲੰਡਨ ਦੇ ਲੋਕਾਂ ਸਾਹਮਣੇ ਜਵਾਬਦੇਹ ਬਣਾਉਣਾ
- ਲੰਡਨ ਨੂੰ ਦੁਨੀਆ ਦਾ ਸਭ ਤੋਂ ਵੱਧ ਸੁਰੱਖਿਅਤ ਮਹਾਂਨਗਰ ਬਣਾਉਣ ਲਈ ਹੋਰਨਾਂ ਦੇ ਸਹਿਯੋਗ ਨਾਲ ਕੰਮ ਕਰਨਾ

## ਐਮ ਪੀ ਏ ਨਾਲ ਸੰਪਰਕ ਕਰਨਾ (ਆਮ ਪੁੱਛ ਗਿੱਛ)

ਟੈਲੀਫ਼ੋਨ: 020 7202 0202
ਮਿਨੀਕੋਮ: 020 7202 0173
ਫ਼ੈਕਸ: 020 7202 0246

ਈਮੇਲ: enquiries@mpa.gov.uk

ਜਾਂ ਇਸ ਪਤੇ 'ਤੇ ਖ਼ਤ ਲਿਖੋ:

Enquiries
Metropolitan Police Authority
10 Dean Farrar Street
London SW1H 0NY

# ਐਮ ਪੀ ਏ ਬਾਰੇ ਜਾਣਕਾਰੀ ਦਾ ਅਨੁਵਾਦ

ਸਾਡੀ ਵੈੱਬਸਾਈਟ 'ਤੇ ਮਿਲਣ ਵਾਲੀ ਜਾਣਕਾਰੀ ਦਾ ਤਰਜਮਾ ਅਸੀਂ ਆਪਣੇ ਆਪ ਨਹੀਂ ਦਿੰਦੇ। ਪਰ ਮੰਗ ਆਉਣ 'ਤੇ ਅਸੀਂ ਦਸਤਾਵੇਜ਼ ਤੁਹਾਡੀ ਬੋਲੀ ਵਿਚ ਤੁਹਾਨੂੰ ਦੇ ਸਕਦੇ ਹਾਂ। ਅਸੀਂ ਜਿੰਨੀ ਵੀ ਛੇਤੀ ਹੋ ਸਕਦੇ ਇਹ ਤਰਜਮਾ ਤੁਹਾਨੂੰ ਦਿੰਦੇ ਹਾਂ।

ਤਜਰਮਾ ਲੈਣ ਲਈ ਬੇਨਤੀ ਇਸ ਪਤੇ 'ਤੇ ਭੇਜੋ:

Online Communications
The Metropolitan Police Authority
10 Dean Farrar Street
London
SW1H 0NY

ਈਮੇਲ: webenquiries@mpa.gov.uk

ਟੈਲੀਫ਼ੋਨ: 020 7202 0219 (ਕਿਰਪਾ ਕਰਕੇ ਬੇਨਤੀ ਅੰਗਰੇਜ਼ੀ ਵਿਚ ਰਿਕਾਰਡ ਕਰਵਾਓ)
ਮਿਨੀਕੋਮ: 020 7202 0173
ਫ਼ੈਕਸ: 020 7202 0241